**ਕੰਵਲਜੀਤ ਸਿੰਘ ਸਿੱਧੂ (ਕੁਟੀ)** **ਚੈਂਬਰ ਨੰਬਰ 133,**

**ਵਕੀਲ** **ਜਿਲ੍ਹਾ ਕਚਹਿਰੀਆਂ, ਬਠਿੰਡਾ**

**ਈਮੇਲ: salahkanooni72@gmail.com**

**ਫੋਨ ਨੰ: 98151-39423**

---

ਨੰ: ਅਧਾਲਨ-01-25 ਮਿਤੀ 21 ਜੂਨ, 2025

ਵੱਲ:-

1) ਮੁੱਖ ਸਕੱਤਰ ਸਾਹਿਬ, ਪੰਜਾਬ, ਚੰਡੀਗੜ੍ਹ।
2) ਮੁੱਖ ਸਕੱਤਰ, ਕਿਰਤ ਵਿਭਾਗ, ਪੰਜਾਬ, ਚੰਡੀਗੜ੍ਹ।
3) ਕਿਰਤ ਕਮਿਸ਼ਨਰ ਸਾਹਿਬ, ਕਿਰਤ ਵਿਭਾਗ, ਪੰਜਾਬ।
4) ਸਹਾਇਕ ਕਿਰਤ ਕਮਿਸ਼ਨਰ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ।

**ਵਿਸ਼ਾ: ਕਾਨੂੰਨੀ ਨੋਟਿਸ ਅਧੀਨ ਧਾਰਾ 80 ਸੀ.ਪੀ.ਸੀ.।**

ਸ੍ਰੀ ਮਾਨ ਜੀ,

ਮੈਂ ਐਡਵੋਕੇਟ ਕੰਵਲਜੀਤ ਸਿੰਘ ਸਿੱਧੂ (ਕੁਟੀ) ਜਿਲ੍ਹਾ ਕਚਹਿਰੀਆਂ ਬਠਿੰਡਾ ਵਿਖੇ ਵਕਾਲਤ ਕਰ ਰਿਹਾ ਹਾਂ। ਮੈਂ ਮਾਂ ਬੋਲੀ ਪੰਜਾਬੀ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸੁਲਝਾਉਣ ਲਈ ਸਥਾਪਤ ਕੀਤੀ ਗਈ ਸੰਸਥਾ **ਪੰਜਾਬੀ ਭਾਸ਼ਾ ਪਸਾਰ ਭਾਈਚਾਰਾ** ਦਾ ਮੈਂਬਰ ਹਾਂ। ਮੈਂ ਆਪਣੇ ਵੱਲੋਂ ਅਧੀਨ ਧਾਰਾ 80 ਸੀ.ਪੀ.ਸੀ. ਤਹਿਤ ਆਪ ਜੀ ਨੂੰ ਹੇਠ ਲਿਖਿਆ ਕਾਨੂੰਨੀ ਨੋਟਿਸ ਦੇ ਰਿਹਾ ਹਾਂ:-

1) ਇਹ ਪੰਜਾਬ ਵਿੱਚ ਪੰਜਾਬੀ ਰਾਜ ਭਾਸ਼ਾ ਕਾਨੂੰਨ ਬਣਿਆ ਹੋਇਆ ਹੈ ਅਤੇ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਅਤੇ ਭਾਸ਼ਾ ਦੇ ਪਸਾਰ ਲਈ ਇਸ ਕਾਨੂੰਨ ਵਿੱਚ ਸੋਧਾਂ ਵੀ ਕੀਤੀਆਂ ਗਈਆਂ ਅਤੇ ਨਿਯਮ ਵੀ ਬਣਾਏ ਗਏ ਹਨ।
2) ਇਹ ਕਿ ਪੰਜਾਬ ਸ਼ੌਪਸ ਐਂਡ ਕਮਰਸ਼ੀਅਲ ਇਸਟੈਬਲਿਸ਼ਮੈਂਟ ਐਕਟ 1958 ਦੀ ਧਾਰਾ 34 ਅਧੀਨ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਇਸ ਐਕਟ ਸਬੰਧੀ ਨਿਯਮ ਬਣਾਏ ਗਏ ਸਨ। ਇਹਨਾਂ ਨਿਯਮਾਂ ਨੂੰ **ਪੰਜਾਬ ਸ਼ੌਪਸ ਐਂਡ ਕਮਰਸ਼ੀਅਲ ਇਸਟੈਬਲਿਸ਼ਮੈਂਟ (ਪਹਿਲੀ ਸੋਧ) ਰੂਲ 2023** ਕਿਹਾ ਜਾਂਦਾ ਹੈ।

3) ਇਹ ਕਿ ਉਪਰ ਲਿਖਤ ਨਿਯਮ (ਰੂਲਜ਼) ਪੰਜਾਬ ਸਰਕਾਰ ਨੇ 24 ਮਾਰਚ 2023 ਨੂੰ ਨੋਟੀਫਿਕੇਸ਼ਨ ਨੰਬਰ GSR 31/P.A.15/1958/S.34/Amd.(6)/2023 ਰਾਹੀਂ ਲਾਗੂ ਕਰ ਦਿੱਤੇ ਹਨ।

4) ਇਹ ਕਿ ਉਪਰੋਕਤ ਕਾਨੂੰਨ ਅਨੁਸਾਰ ਪੰਜਾਬ ਵਿੱਚ ਸਾਰੀਆਂ ਦੁਕਾਨਾਂ ਜਾਂ ਵਪਾਰਕ ਸੰਸਥਾਵਾਂ ਦੇ ਸਾਈਨ ਬੋਰਡਾਂ ਉੱਪਰ ਦੁਕਾਨ ਜਾਂ ਵਪਾਰਕ ਸੰਸਥਾਵਾਂ ਦਾ ਨਾਂ ਪੰਜਾਬੀ ਭਾਸ਼ਾ ਵਿੱਚ ਲਿਖਿਆ ਹੋਣਾ ਲਾਜ਼ਮੀ ਹੈ। ਪੰਜਾਬੀ ਭਾਸ਼ਾ ਦੇ ਨਾਲ ਨਾਲ ਜੇਕਰ ਹੋਰ ਭਾਸ਼ਾ ਵੀ ਵਰਤਣੀ ਹੈ ਤਾਂ ਉਹ ਵੀ ਵਰਤੀ ਜਾ ਸਕਦੀ ਹੈ। ਪੰਜਾਬੀ ਵਿੱਚ ਨਾਮ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਵੱਡਾ ਕਰਕੇ ਜਾਂ ਗੂੜ੍ਹਾਂ ਕਰਕੇ ਲਿਖਿਆ ਹੋਵੇ ਅਤੇ ਪ੍ਰਮੁੱਖਤਾ ਨਾਲ ਲਿਖਿਆ ਹੋਵੇ।

5) ਇਹ ਕਿ ਇਹਨਾਂ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਦੇ ਤੌਰ ਤੇ ਜੁਰਮਾਨਾ ਕਰਨ ਅਤੇ ਵਸੂਲਣ ਦੀ ਸ਼ਕਤੀ/ਜਿੰਮੇਵਾਰੀ ਕਿਰਤ ਵਿਭਾਗ ਦੇ ਸਥਾਨਕ ਅਧਿਕਾਰੀਆਂ ਦੀ ਹੋਵੇਗੀ।

6) ਇਹ ਕਿ ਮੇਰੀ ਰਿਹਾਇਸ਼ ਬਠਿੰਡਾ ਸ਼ਹਿਰ ਵਿੱਚ ਹੈ ਅਤੇ ਇਸ ਸ਼ਹਿਰ ਵਿੱਚ ਬਹੁਤ ਸਾਰੀਆਂ ਵਪਾਰਕ ਸੰਸਥਾਵਾਂ, ਦੁਕਾਨਾਂ, ਕਲੋਨੀਆਂ ਆਦਿ ਦੇ ਬੋਰਡ ਅੰਗਰੇਜ਼ੀ ਭਾਸ਼ਾ ਵਿੱਚ ਲੱਗੇ ਹੋਏ ਹਨ। ਮਿਸਾਲ ਦੇ ਤੌਰ ਤੇ ਡੱਬਵਾਲੀ ਰੋਡ ਉਪਰ ਅਨੰਦਾ ਸਿਟੀ, ਰਿਚਮੰਡ ਅਸਟੇਟ, ਡਰੀਮ ਹਾਈਟਸ ਆਦਿ ਕਲੋਨੀਆਂ, ਮਾਲ ਰੋਡ ਬਠਿੰਡਾ ਉਪਰ ਸਥਿਤ ਵੱਖ ਵੱਖ ਵਪਾਰਕ ਸ਼ੋਅ ਰੂਮਾਂ ਜਿਵੇਂ ਵਾਕ ਕੰਪਲੀਟ ਫੈਮਿਲੀ ਸ਼ੋਅ ਰੂਮ, ਸਟੈਲਾਟੋਜ਼, ਇਸੇ ਤਰ੍ਹਾਂ ਅਮਰੀਕ ਸਿੰਘ ਰੋੜ ਬਠਿੰਡਾ ਉਪਰ ਸਵਾਮੀ ਇੰਟਰਪ੍ਰਾਈਜ਼ ਦਾ ਵੋਲਟਾਸ, ਹੋਟਲ ਗੋਲਡਵਿੰਗ, ਅਮਰੀਕ ਸਿੰਘ ਰੋੜ ਬਠਿੰਡਾ ਉਪਰ ਹੀ ਕਲਾਸਿਕ ਟਾਈਲ ਗੈਲਰੀ, ਮੈਸਰਜ ਜਿੰਦਲ ਟਰੇਡਿੰਗ ਕੰਪਨੀ, ਅਮਰੀਕ ਸਿੰਘ ਰੋੜ ਬਠਿੰਡਾ ਉਪਰ ਹੀ ਵੀਰ ਕਲੋਨੀ ਦਾ ਬੋਰਡ ਜੋ ਕਿ ਵੂਡਜ ਫਰਨਿਸ਼ਿੰਗ ਵੱਲੋਂ ਲੱਗਾ ਹੋਇਆ ਹੈ, ਇਸੇ ਸੜਕ ਉਪਰ ਰਾਧੇ ਕਰਿਸ਼ਨਾ ਲਾਈਟਸ, ਅਜੀਤ ਰੋੜ ਬਠਿੰਡਾ ਦੇ ਘੋੜੇ ਵਾਲਾ ਚੌਂਕ ਵਿੱਚ ਟੈਟੂ ਅਕੈਡਮੀ, ਯਸ਼ ਇੰਕ ਆਰਟ, ਦ ਵਾਰਡਰੋਬ, ਇੱਥੇ ਹੀ ਗਰੋਅ ਵਿੰਗਜ਼ ਕੰਸਲਟੈਂਸੀ, ਅਜੀਤ ਰੋੜ ਬਠਿੰਡਾ ਉਪਰ ਹਰਟਬੀਟ ਕੈਫੇ, ਅਨਟੀਕ 99 ਗੈਲਰੀ, ਕੈਲੇਫੋਰਨੀਆ ਬਿਊਟੀ ਅਕੈਡਮੀ, ਅਮੈਜਨ ਸਕੂਲ ਆਦਿ ਸਾਰੀਆਂ ਵਪਾਰਕ ਸੰਸਥਾਵਾਂ ਅਤੇ ਦੁਕਾਨਾਂ ਦੇ ਸਾਈਨ ਬੋਰਡ ਸਿਰਫ਼ ਅੰਗਰੇਜੀ ਭਾਸ਼ਾ ਵਿੱਚ ਹੀ ਲਿਖੇ ਹੋਏ ਹਨ ਅਤੇ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ।

7) ਇਹ ਕਿ ਉਪਰ ਲਿਖਤ ਪੈਰਾ ਨੰਬਰ 6 ਵਿੱਚ ਜਿੰਨਾਂ ਦੁਕਾਨਾਂ ਜਾਂ ਸੰਸਥਾਵਾਂ ਦਾ ਜਿਕਰ ਉਦਾਹਰਨ ਦੇ ਤੌਰ ਤੇ ਕੀਤਾ ਹੈ, ਇੰਨਾਂ ਤੋਂ ਇਲਾਵਾ ਵੀ ਪੂਰੇ ਸ਼ਹਿਰ ਅਤੇ ਜਿਲ੍ਹੇ ਵਿੱਚ ਦੁਕਾਨਾਂ ਜਾਂ ਵਪਾਰਕ ਅਦਾਰਿਆਂ ਦੇ ਮਾਲਕਾਂ ਵੱਲੋਂ ਆਪਣੇ ਬੋਰਡ ਸਿਰਫ਼ ਅੰਗਰੇਜੀ ਭਾਸ਼ਾ ਵਿੱਚ ਲਾਏ ਗਏ ਹਨ।

8) ਇਹ ਕਿ ਇਸ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਦੇ ਸਬੰਧ ਵਿੱਚ ਬਣਾਏ ਗਏ ਕਾਨੂੰਨ ਅਤੇ ਨਿਯਮਾਂ ਦੀ ਘੋਰ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਸਰਕਾਰ ਦੇ ਸਬੰਧਤ ਅਦਾਰੇ ਕਿਰਤ ਵਿਭਾਗ ਵੱਲੋਂ ਆਪਣੀ ਡਿਊਟੀ ਨਹੀਂ ਨਿਭਾਈ ਜਾ ਰਹੀ।

9) ਇਹ ਕਿ ਇਸ ਕਾਨੂੰਨੀ ਨੋਟਿਸ ਰਾਹੀਂ ਆਪ ਜੀ ਨੂੰ ਬੇਨਤੀ ਹੈ ਕਿ ਮੇਰੀਆਂ ਹੇਠ ਲਿਖੀਆਂ ਸ਼ਿਕਾਇਤਾਂ ਤੁਸੀਂ ਧਾਰਾ 80 ਸਿਵਲ ਪ੍ਰੋਸੀਜਰ ਕੋਰਟ ਅਨੁਸਾਰ ਤਹਿ ਸਮੇਂ ਵਿੱਚ ਹੱਲ ਕਰਨ ਦੀ ਖੇਚਲਾ ਕਰਨੀ ਜੀ:-

- ਇਹ ਕਿ ਆਪ ਜੀ ਸਬੰਧਤ ਵਿਭਾਗ ਨੂੰ ਫੌਰੀ ਤੌਰ ਤੇ ਪੰਜਾਬ ਰਾਜ ਭਾਸ਼ਾ ਐਕਟ ਅਨੁਸਾਰ ਸਾਰੀਆਂ ਦੁਕਾਨਾਂ ਅਤੇ ਸੰਸਥਾਵਾਂ ਦੇ ਸਾਈਨ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖਵਾਏ ਜਾਣ ਦੀ ਹਦਾਇਤ ਕੀਤੀ ਜਾਵੇ।
- ਇਹ ਕਿ ਜੇਕਰ ਕੋਈ ਦੁਕਾਨਦਾਰ ਜਾਂ ਸੰਸਥਾ ਦਾ ਜਿੰਮੇਵਾਰ ਵਿਅਕਤੀ ਉਕਤ ਕਾਨੂੰਨ ਦੀ ਉਲੰਘਣਾ ਕਰਦਾ ਹੈ, ਤਾਂ ਉਸਦੇ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਲਿਹਾਜਾ ਆਪ ਜੀ ਨੂੰ ਇਹ ਕਾਨੂੰਨੀ ਨੋਟਿਸ ਭੇਜ ਕੇ ਉਪਰ ਲਿਖੇ ਅਨੁਸਾਰ ਪੰਜਾਬੀ ਭਾਸ਼ਾ ਨੂੰ ਪੂਰਨ ਤੌਰ ਤੇ ਲਾਗੂ ਕਰਵਾਉਣ ਦੀ ਬੇਨਤੀ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਕਾਨੂੰਨ ਦੀ ਪਾਲਣਾ ਕਰਵਾਉਣ ਲਈ ਮੈਨੂੰ ਮਜਬੂਰਨ ਮਾਨਯੋਗ ਅਦਾਲਤ ਦਾ ਬੂਹਾ ਖੜਕਾਉਣਾ ਪਵੇਗਾ ਅਤੇ ਪੰਜਾਬੀ ਭਾਸ਼ਾ ਸਬੰਧੀ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਮਾਨਯੋਗ ਅਦਾਲਤ ਵਿੱਚ ਕੇਸ ਕਰਨ ਲਈ ਹੋਣ ਵਾਲੇ ਸਾਰੇ ਖਰਚੇ ਅਤੇ ਹਰਜਾਨੇ ਵਗੈਰਾ ਦੀ ਸਾਰੀ ਜਿੰਮੇਵਾਰੀ ਆਪ ਜੀ ਦੀ ਹੋਵੇਗੀ।

ਆਪ ਵੱਲੋਂ ਹਾਂ ਪੱਖੀ ਹੁੰਗਾਰੇ ਦੀ ਉਡੀਕ ਵਿੱਚ:-

Adv. 21/06/2025

ਐਡਵੋਕੇਟ ਕੰਵਲਜੀਤ ਸਿੰਘ ਸਿੱਧੂ (ਕੁਟੀ)
ਚੈਂਬਰ ਨੰਬਰ 133, ਜਿਲ੍ਹਾ ਕਚਹਿਰੀਆਂ, ਬਠਿੰਡਾ
ਈਮੇਲ: salahkanooni72@gmail.com
ਫੋਨ ਨੰ: 98151-39423

ਕੰਵਲਜੀਤ ਸਿੰਘ ਸਿੱਧੂ (ਕੁਟੀ)
P/335/1999 ਐਡਵੋਕੇਟ
ਚੈਂਬਰ ਨੰ:133,
ਜਿਲ੍ਹਾ ਕਚਹਿਰੀਆਂ, ਬਠਿੰਡਾ।
ਮੋਬ: 98151-39423